# ਕਲਾ ਦੇ ਝਰੋਖੇ ਤੋਂ

**ਕਲਾਕਾਰ ਦਾ ਸਵੈਮਾਣ:** ਕਲਾਕਾਰਾਂ ਦੇ ਇਕ ਹਲਕੇ ਵਿਚ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਕਲਾ ਦੇ ਖੇਤਰ ਵਿਚ ਸਰਕਾਰ ਦੀ ਦਖਲਅੰਦਾਜ਼ੀ ਹਰ ਦਿਨ ਵਧ ਰਹੀ ਹੈ । ਇਸ ਦਾ ਕਾਰਨ ਹੈ ਕਿ ਕਲਾ ਨਾਲ ਸਬੰਧਤ ਜਿਹੜੀਆਂ ਵੀ ਸਰਕਾਰੀ, ਨੀਮ ਸਰਕਾਰੀ ਜਾਂ ਗੈਰ-ਸਰਕਾਰੀ ਅਕੈਡਮੀਆਂ ਹਨ, ਉਨ੍ਹਾਂ ਨੂੰ ਅਪਾਣੀ ਕਾਰਗੁਜ਼ਾਰੀ ਲਈ ਸਰਕਾਰੀ ਸਹਾਇਤਾ ਦੀ ਲੋੜ ਹੈ । ਇਸ ਲਈ ਇਹਦੇ ਅਹੁਦੇਦਾਰਾਂ ਦੀ ਚੋਣ ਵੇਲੇ ਇਹ ਵੇਖਿਆ ਜਾਂਦਾ ਹੈ ਕਿ ਅਹੁਦੇਦਾਰ ਉਹੀ ਚੁਣੇ ਜਾਣ, ਜਿਹੜੇ ਜਿਥੇ ਆਪਣੇ ਆਪਣੇ ਖੇਤਰ ਦੇ ਜਾਣੇ ਪਛਾਣੇ ਵਿਅਕਤੀ ਹੋਣ ਉਥੇ ਉਨ੍ਹਾਂ ਦੀ ਕਲਾ ਵੱਲ ਪਹੁੰਚ ਸਥਾਪਤੀ ਨੂੰ ਕਿਸੇ ਕਿਸਮ ਦੀ ਚੁਣੌਤੀ ਵਾਲੀ ਨਾ ਹੋਏ । ਕੇਂਦਰੀ ਅਕੈਡਮੀਆਂ ਵਿਚ ਵੀ ਇਹ ਨੀਤੀ ਅਪਣਾਈ ਜਾਂਦੀ ਹੈ ਅਤੇ ਸੂਬਿਆਂ ਦੀਆਂ ਅਕੈਡਮੀਆਂ ਵਿਚ ਵੀ ਇਹ ਨੀਤੀ ਅਪਣਾਈ ਜਾਂਦੀ ਹੈ । ਇਨ੍ਹਾਂ ਹਾਲਤਾਂ ਵਿਚ ਇਕ ਕਲਾਕਾਰ, ਲੇਖਕ, ਨਾਟਕਕਾਰ, ਚਿਤਰਕਾਰ ਆਪਣੇ ਸਵੈਮਾਣ ਨੂੰ ਕਿਸ ਤਰ੍ਹਾਂ ਕਾਇਮ ਰੱਖ ਸਕਦਾ ਹੈ, ਇਸ ਬਾਰੇ ਕੌਮ ਪੱਧਰ 'ਤੇ ਕਈ ਸੈਮੀਨਾਰ ਵੀ ਹੋਏ ਹਨ ਤੇ ਕਮਿਸ਼ਨ ਵੀ ਬੈਠੇ ਹਨ । ਕੁਝ ਸਿਫਾਰਸ਼ਾਂ ਸਪਸ਼ਟ ਰੂਪ ਵਿਚ ਉਭਰ ਕੇ ਆਈਆਂ ਹਨ ।

ਕਲਾ ਦਾ ਵਿਕਾਸ ਕਰਨਾ ਹਰ ਸਰਕਾਰ ਦਾ ਫਰਜ਼ ਹੈ। ਇਹਦੇ ਲਈ ਇਕ ਵਿਸ਼ੇਸ਼ ਬਜਟ ਰਾਖਵਾਂ ਰੱਖਿਆ ਜਾਏ ਪਰ ਇਹ ਵਿਕਾਸ ਆਰਥਕ ਵਿਕਾਸ ਵਾਂਗ ਸਿੱਧੀ ਲਕੀਰ ਨਹੀਂ । ਕਲਾਕਾਰ ਦੀ ਸੰਵੇਦਨਾ ਇਸ ਦੀ ਲਪੇਟ ਵਿਚ ਆਂਦੀ ਹੈ । ਉਹਦੀ ਸਿਰਜਣਾਤਮਕ ਆਜ਼ਾਦੀ ਵੀ ਇਸ ਵਿਚ ਸ਼ਾਮਲ ਹੈ । ਇਸ ਲਈ ਸਰਕਾਰ ਕਲਾ ਲਈ ਫੰਡ ਜ਼ਰੂਰ ਮੁਹੱਈਆ ਕਰੇ ਪਰ ਦਖਲਅੰਦਾਜ਼ੀ ਨਾ ਕਰੇ । ਕਲਾਕਾਰ ਨੂੰ ਇਹ ਆਜ਼ਾਦੀ ਹੋਵੇ ਕਿ ਚਲ ਰਹੇ ਵਰਤਾਰੇ ਬਾਰੇ ਆਪਣੀ ਬੇਬਾਕ ਅਤੇ ਬੇਖ਼ੌਫ ਟਿੱਪਣੀ ਕਰ ਸਕੇ । ਸਰਕਾਰ ਦੇ ਕਲਾ ਲਈ ਰੱਖੇ ਫੰਡ ਲੋਕਾਂ ਦੇ ਹੀ ਹਨ ਇਸ ਲਈ ਇਨ੍ਹਾਂ ਦੀ ਵਰਤੋਂ ਲਈ ਤੰਗ ਕਿਸਮ ਦਾ ਸਿਆਸੀ ਪੱਖਪਾਤ ਨਾ ਹੋਵੇ। ਇਹ ਕੋਸ਼ਿਸ਼ ਕੀਤੀ ਜਾਵੇ ਕਿ ਕਲਾ ਸਮਾਗਮਾਂ ਤੇ ਮੁੱਖ ਮਹਿਮਾਨ ਅਤੇ ਪ੍ਰਧਾਨ ਕਲਾ ਸਬੰਧਤ ਵਿਅਕਤੀ ਹੀ ਹੋਣ । ਚਮਚਾਗਿਰੀ ਪੂਰੀ ਤਰ੍ਹਾਂ ਰੋਕੀ ਜਾਏ ।

ਕਲਾ ਦੇ ਖੇਤਰ ਵਿਚ ਕਲਾਕਾਰਾਂ ਦੇ ਸਵੈਮਾਣ ਨੂੰ ਕਾਇਮ ਰੱਖਣ ਲਈ ਇਨ੍ਹਾਂ ਸਿਫਾਰਸ਼ਾਂ 'ਤੇ ਪੂਰੀ ਤਰ੍ਹਾਂ ਅਮਲ ਕੀਤਾ ਜਾਣਾ ਜ਼ਰੂਰੀ ਹੈ ।

**ਕਲਾਕਾਰ ਦੀ ਮਰਿਆਦਾ:** ਸਵੈਮਾਨ ਤੋਂ ਅਗਲੀ ਗੱਲ ਮਰਿਆਦਾ ਦੀ ਆਉਂਦੀ ਹੈ । ਪ੍ਰੇਮ ਗੋਰਖੀ ਦੇ ਕਹਾਣੀ ਸੰਗ੍ਰਹਿ 'ਅਰਜਨ ਸਫੈਦੀਵਾਲਾ' ਵਿਚ ਇਕ ਖ਼ੂਬਸੂਰਤ ਕਹਾਣੀ 'ਸੰਸਕਾਰ' ਇਸ ਵਿਸ਼ੇ 'ਤੇ ਹੈ । ਗੁਰਮੇਲ ਸਰਦਾਰਾਂ ਦੀ ਕੋਠੀ ਵਿਚ ਕੰਮ ਕਰਦਾ ਹੈ, ਜੋ ਪਿੰਡ ਤੋਂ ਬਾਹਰ ਹੈ । ਕੋਠੀ ਵਿਚ ਅੱਜ ਦੀ ਰਾਤ ਡਿਨਰ ਦੀ ਦਾਅਵਤ ਹੈ । ਮੁਢਲੀਆਂ ਗੱਲਾਂ ਵਿਚ ਇਹ ਗੱਲ ਉਭਰ ਕੇ ਆਂਦੀ ਹੈ ਕਿ ਸਰਦਾਰ ਤੇ ਸਰਦਾਰਨੀ ਨੈਤਕਿਤਾ ਬਾਰੇ ਉਤੋਂ ਉਤੋਂ ਬੜੇ ਸੁਚੇਤ ਹਨ ਤੇ ਉਨ੍ਹਾਂ ਦਾ ਖਿਆਲ ਹੈ ਕਿ ਗਰੀਬ ਲੋਕ ਇਸ ਤੋਂ ਕੋਰੇ ਹਨ । ਡਿਨਰ ਤੇ ਜਿਹੜੇ ਮੁੱਖ ਮਹਿਮਾਨ ਨੇ ਆਉਣਾ ਏ, ਉਹਦਾ ਇਕ ਵੱਡਾ ਕਾਰੋਬਾਰ ਹੈ ; ਜੇ ਸਰਦਾਰ ਹੋਰਾਂ 'ਤੇ ਉਹਦੀ ਨਜ਼ਰੇ-ਮਿਹਰ ਹੋ ਜਾਏ ਤਾਂ ਵੱਡਾ ਫਾਇਦਾ ਹੋ ਸਕਦਾ ਹੈ । ਉਹਦੀ ਚਮਚਾਗਿਰੀ ਕੀਤੀ ਜਾਂਦੀ ਹੈ । ਸਰਦਾਰਨੀ ਲਿਫ ਲਿਫ ਜਾ ਰਹੀ ਹੈ । ਦਾਅਵਤ ਖਤਮ ਹੋਣ ਤੇ ਗੁਰਮੇਲ ਪਿੰਡ ਵਾਪਸ ਆ ਰਿਹਾ ਹੈ । ਰਸਤੇ ਵਿਚ ਰਾਸਧਾਰੀਆਂ ਦਾ ਅਖਾੜਾ ਲਗਿਆ ਹੋਇਆ ਹੈ । ਰਾਸਧਾਰੀਆਂ ਦੀ ਮਰਿਯਾਦਾ ਹੈ ਕਿ ਕਥਾ-ਵਾਚਕ ਆਪਣੀ ਥਾਂ 'ਤੇ ਖਲੋਤਾ ਰਹਿੰਦਾ ਹੈ ਤੇ ਨਚਾਰ ਮੁੰਡੇ ਹਰ ਨਾਚ ਤੋਂ ਬਾਅਦ ਲੋਕਾਂ ਕੋਲੋਂ ਜਾ ਕੇ ਪੈਸੇ ਫੜਦੇ ਹਨ ਤੇ ਕਥਾ-ਵਾਚਕ ਉਨ੍ਹਾਂ ਦੀ ਵੇਲ ਕਰਦਾ ਹੈ।

ਸਭ ਕੁਝ ਬੜੇ ਸਹਿਜ ਨਾਲ ਚਲ ਰਿਹਾ ਸੀ ਕਿ ਅਚਾਨਕ ਇਕ ਪਾਸੇ ਰੌਲਾ ਪੈ ਗਿਆ । ਸਰਪੰਚ ਦਾ ਵੱਡਾ ਮੁੰਡਾ, ਜਿਹੜਾ ਅਮਰੀਕਾ ਤੋਂ ਮੁੜਿਆ ਸੀ, ਸ਼ਰਾਬੀ ਹੋਇਆ ਜ਼ਿੱਦ ਕਰ ਰਿਹਾ ਸੀ ਕਿ ਜਿਹੜਾ ਆਦਮੀ ਕਥਾ ਸੁਣਾ ਰਿਹੈ, ਉਹ ਆ ਕੇ ਉਹਦੇ ਕੋਲੋਂ ਪੰਜਾਹ ਦਾ ਨੋਟ ਫੜ ਕੇ ਵੇਲ ਕਰੇ। ਕਥਾ-ਵਾਚਕ ਹੱਥ ਜੋੜੀਂ, ਸਿਰ ਨਿਵਾਈਂ ਥੜ੍ਹੇ 'ਤੇ ਖੜ੍ਹਾ ਸੀ ਪਰ ਅੱਗੇ ਨਹੀਂ ਸੀ ਵੱਧ ਰਿਹਾ । ਸਰਪੰਚ ਦੇ ਮੁੰਡੇ ਨੇ ਦਬਕਾ ਮਾਰਿਆ: 'ਨੋਟ ਇਥੇ ਆ ਕੇ ਫੜ...ਸੁਣਿਆ ਨਹੀਂ ?' ਜਵਾਬ ਸੀ-ਮਾਈ ਬਾਪ, ਪਿੰਡ ਦੇ ਮੋਹਤਬਰੋ, ਨਗਰ ਦੀਏ ਖਲਕਤੇ, ਅਰਜ਼ ਇਹ ਐ, ਮਹਾਰਾਜ ਅਸੀਂ ਢਿੱਡ ਦੀ ਖਾਤਰ, ਆਪਣੇ ਬਾਲ ਬੱਚਿਆਂ ਦੀ ਖਾਤਰ ਤੁਹਾਡੇ ਦੁਆਰੇ 'ਤੇ ਆਏ ਹਾਂ-ਚਾਰ ਛਿੱਲੜਾਂ ਦੀ ਖਾਤਰ ਐਹ ਮੇਰੇ ਮੁੰਡੇ ਇਸ ਕੰਮ ਲਈ ਤਾਂ ਤੁਹਾਡੇ ਤਕ ਆਉਂਦੇ ਨੇ... ਪਰ ਸ਼ਹਿਨਸ਼ਾਹੋ ਮੈਂ ਨਹੀਂ ਆ ਸਕਦਾ । ਹਰ ਕੰਮ ਦੀ, ਹਰ ਕਿੱਤੇ ਦੀ, ਹਰ ਕਿਸਬ ਦੀ ਆਪਣੀ ਇਕ ਮਰਿਆਦਾ ਹੁੰਦੀ ਆ, ਤੁਸੀਂ ਸਾਨੂੰ ਧੇਲਾ ਨਾ ਦਿਓ, ਸਾਨੂੰ ਕੋਈ ਰੋਸਾ ਨਹੀਂ, ਪਰ ਸਾਨੂੰ ਆਪਣੇ ਕਿਸਬ ਨੂੰ ਮਿੱਟੀ 'ਚ ਰੋਲਣ ਨਾ ਦਿਓ-ਗੁਰਮੇਲ ਜਿਹੜਾ ਹੁਣੇ ਹੁਣੇ ਦਾਅਵਤ ਤੇ ਵੱਡੇ ਸਰਦਾਰਾਂ ਦੀਆਂ ਮੁੱਖ ਮਹਿਮਾਨ ਅੱਗੇ ਲਿਲਕੜੀਆਂ ਵੇਖ ਕੇ ਆਇਆ ਸੀ, ਪਹਿਲੇ ਤਾਂ ਆਪਣੇ ਆਪ ਨੂੰ ਕਹਿੰਦਾ ਏ-ਲੈ ਵਡਾ ਆ ਗਿਆ ਮਰਿਆਦਾ ਲੈ ਕੇ । ਓਏ ਤੂੰ ਚਾਰ ਪੈਸੇ ਬਣਾ... ਤੂੰ ਜਿਹੜੀ ਮਰਿਆਦਾ ਨੂੰ ਚੁੱਕੀ ਫਿਰਦੈਂ ਇਹ ਕੀ ਤੇਰਾ ਢਿਡ ਭਰ ਦਊ ? -ਪਰ ਫੇਰ ਇਕ ਦਮ ਉਹ ਸੋਚਦਾ ਹੈ-ਕੀ ਪਤਾ ਇਹ ਧਰਤੀ ਇਹ ਸਾਰਾ ਸੰਸਾਰ ਕਿਹੜੀ ਗੱਲੋਂ ਗਰਕ ਹੋਣੋਂ ਬਚਿਆ ਹੋਇਐ, ਖਨੀਂ ਕਿਸੇ ਇਕ, ਦੋ ਜਾਂ ਸੈਂਕੜਿਆਂ ਕਰ ਕੇ ਹੀ, ਜਿਹੜੇ ਅੱਜ ਵੀ ਡੋਲਦੇ ਨਹੀਂ, ਇਹਦੇ ਵਰਗੇ ਹੀ । ਕੀ ਪਤੇ ਉਹ ਬੌਲਦ ਵੀ ਏਸੇ ਕਰ ਕੇ ਅਡੋਲ ਖੜ੍ਹੇ ਧਰਤੀ ਦੇ ਹੇਠਾਂ, ਕਿਹਨੂੰ ਖਬਰ ਐ ?- ਕਲਾਕਾਰ ਭੁੱਖਾ ਮਰ ਜਾਏਗਾ ਪਰ ਆਪਣੀ ਮਰਿਆਦਾ ਨਹੀਂ ਛੱਡੇਗਾ ।

**ਕਲਾਕਾਰ ਦੀ ਪ੍ਰਤੀਬੱਧਤਾ:** ਮਰਿਆਦਾ ਤੋਂ ਅੱਗੇ ਦੀ ਗੱਲ ਪ੍ਰਤੀਬੱਧਤਾ ਦੇ ਨਾਂ ਨਾਲ ਜਾਣੀ ਜਾਂਦੀ ਹੈ। ਪੰਜਾਬ ਲੋਕ ਸਭਿਆਚਾਰਕ ਮੰਚ ਇਹਦੀ ਮਿਸਾਲ ਹੈ । ਪਲਸ ਮੰਚ ਦੀ ਸਥਾਪਨਾ 1981 ਵਿਚ ਹੋਈ ਸੀ। ਇਹਦੀ ਦੋ ਸਾਲਾਂ ਦੀ ਕਾਰਗੁਜ਼ਾਰੀ ਬਾਰੇ ਰਿਪੋਰਟ ਅਤੇ ਚੋਣਾਂ ਪਿਛੇ ਜਿਹੇ ਲੁਧਿਆਣਾ ਵਿਚ ਹੋਏ ਇਕ ਸਮਾਗਮ ਵਿਚ ਹੋਈਆਂ । ਨਵੀਂ ਟੀਮ ਨੇ ਇਹ ਗੱਲ ਦੁਹਰਾਈ, ਕਿ ਅੱਜ ਦਾ ਸਮਾਜ, ਜਿਸ ਵਿਚ ਹਰ ਪਾਸੇ ਪੈਸੇ ਦੀ ਪ੍ਰਧਾਨਤਾ ਹੁੰਦੀ ਜਾ ਰਹੀ ਹੈ, ਗਰੀਬ ਲੋਕਾਂ ਲਈ ਇਕ ਬੜਾ ਜ਼ਾਲਮ ਸਮਾਜ ਦਾ ਰੂਪ ਧਾਰ ਗਿਆ ਹੈ । ਇਸ ਸਮਾਜ ਨੂੰ ਬਦਲਣ ਲਈ ਸਭਿਆਚਾਰਕ ਮੁਹਾਜ਼ 'ਤੇ ਇਕ ਜ਼ੋਰਦਾਰ ਸੰਘਰਸ਼ ਦੀ ਲੋੜ ਹੈ । ਕਲਾ ਦੇ ਖੇਤਰ ਵਿਚ ਜਦੋਂ ਸਾਰੇ ਪਾਸੇ ਨੈਤਿਕਤਾ ਦੇ ਪੱਖ ਤੋਂ ਨਿਘਾਰ ਆ ਰਿਹਾ ਹੈ, ਇਹ ਪ੍ਰਤੀਬੱਧਤਾ ਰਾਹ ਦਿਖਾਵੀ ਵੀ ਹੋਏਗੀ ਤੇ ਚੰਗੀ ਜ਼ਿੰਦਗੀ ਲਈ ਪ੍ਰੇਰਨਾ ਵੀ ਹੋਵੇਗੀ ।

**ਗੁਰਸ਼ਰਨ ਸਿੰਘ**